# ਅੱਜ ਦੇ ਦਿਨ 10 ਪੋਹ 2023

# (ਮਿਤੀ 25 ਦਸੰਬਰ, 2023) ਦਾ ਇਤਿਹਾਸ

# ਨਿੱਕੀਆਂ ਜ਼ਿੰਦਾਂ ਵੱਡਾ ਸਾਕਾ

## ਗੌਰਵਮਈ ਸ਼ਹੀਦੀ ਸਾਕੇ ਦਾ ਪੰਜਵਾਂ ਦਿਨ

हिंदी अनुवाद नीचे उपलब्ध है

ਅੱਜ ਦੇ ਦਿਨ 10 ਪੋਹ ਸੰਮਤ 1761 ਬਿਕਰਮੀ (1704 ਈਸਵੀ) ਨੂੰ ਗੰਗੂ ਬ੍ਰਾਹਮਣ ਦੀ ਅਕ੍ਰਿਤਘਣਤਾ ਸਦਕਾ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ) ਨੂੰ ਮੋਰਿੰਡੇ ਦੇ ਥਾਣੇ ਤੋਂ ਸਰਹਿੰਦ ਵਿਖੇ ਵਜ਼ੀਰ ਖਾਨ ਦੀ ਹਿਰਾਸਤ ਵਿੱਚ ਭੇਜ ਦਿੱਤਾ ਗਿਆ।

ਅੱਜ ਦੀ ਰਾਤ ਮਾਤਾ ਗੁਜਰ ਕੌਰ ਜੀ ਨੇ ਛੋਟੇ ਸਾਹਿਬਜ਼ਾਦਿਆਂ ਨਾਲ, ਸੂਬਾ ਸਰਹਿੰਦ ਦੀ ਕੈਦ ਵਿੱਚ, ਠੰਢੇ ਬੁਰਜ ‘ਤੇ ਬਤੀਤ ਕੀਤੀ ਅਤੇ ਰੱਬੀ ਭਾਣੇ ਨੂੰ ਮਿੱਠਾ ਕਰਕੇ ਮੰਨਿਆ।ਮੋਤੀ ਰਾਮ ਮਹਿਰਾ ਜੀ ਨੇ ਸਾਹਿਬਜ਼ਾਦਿਆਂ ਨੂੰ ਦੁੱਧ ਪਿਲਾਉਣ ਦੀ ਮਹਾਨ ਸੇਵਾ ਕੀਤੀ।

ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਨਾਲ ਮਾਛੀਵਾੜੇ ਦੇ ਜੰਗਲ ਤੋਂ ਇੱਕ ਮੀਲ ਦੂਰ ਗੁਲਾਬ ਮਸੰਦ ਦੇ ਬਾਗ ਵਿੱਚ ਪਹੁੰਚ ਗਏ।ਜਦੋਂ ਗੁਲਾਬ ਮਸੰਦ ਅਤੇ ਉਸਦੇ ਭਰਾ ਪੰਜਾਬੇ ਨੂੰ ਪਤਾ

ਲੱਗਿਆ ਤਾਂ ਉਹ ਗੁਰੂ ਜੀ ਨੂੰ ਆਪਣੇ ਘਰ ਲੈ ਗਏ ਅਤੇ ਰਾਤ ਭਰ ਪ੍ਰੇਮ ਨਾਲ ਸੇਵਾ ਕੀਤੀ।

ਅੱਜ ਦੇ ਇਤਿਹਾਸ ਤੋਂ ਸਾਨੂੰ ਇਹ ਪ੍ਰੇਰਨਾ ਮਿਲਦੀ ਹੈ ਕਿ ਜਿਵੇਂ ਛੋਟੇ ਸਾਹਿਬਜ਼ਾਦੇ ਔਖੇ ਹਾਲਾਤਾਂ ਵਿੱਚ ਵੀ ਘਬਰਾਏ ਜਾਂ ਡਰੇ ਨਹੀਂ ਸਗੋਂ ਉਨ੍ਹਾਂ ਨੇ ਪਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ, ਇਸੇ ਤਰ੍ਹਾਂ ਸਾਨੂੰ ਵੀ ਹਰ ਹਾਲਾਤ ਵਿੱਚ ਅਕਾਲ ਪੁਰਖ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਅਤੇ ਉਸਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਚਾਹੀਦਾ ਹੈ। ਅੱਜ ਦੇ ਇਤਿਹਾਸ ਨੂੰ ਦਰਸਾਉਂਦਾ ਵੀਡੀਓ **ਆਤਮ ਪਰਗਾਸ ਫੇਸਬੁੱਕ ਪੇਜ** ਤੇ ਦੇਖੋ ਜੀ।

**ਚਲਦਾ...**

ਆਤਮ ਪਰਗਾਸ ਵੱਲੋਂ 'ਸਚਿਆਰ ਮਨੁੱਖਾਂ' ਦੀ ਘਾੜਤ ਲਈ ਰੋਜ਼ਾਨਾ ਵਿਸ਼ੇਸ਼ ਸਬਕ ਸਾਂਝੇ ਕੀਤੇ ਜਾਂਦੇ ਹਨ। ਸਮਾਜ ਵਿੱਚ ਸਮੇਂ ਦੀ ਕਦਰ ਦੀ ਰੁਚੀ ਪ੍ਰਬਲ ਕਰਨ ਲਈ ਵਿਦਿਆਰਥੀਆਂ ਨੂੰ ਨਵੇਕਲੀ ਸਮਾਂ-ਸਾਰਨੀ ਅਮਲ ਵਿੱਚ ਲਿਆਉਣ ਦੀ ਸਿਖਲਾਈ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਵਿਦਵਾਨਾਂ ਦੀ ਉਚੇਚੀ ਟੀਮ ਸੇਵਾਵਾਂ ਪ੍ਰਦਾਨ ਕਰਦੀ ਹੈ। ਸੂਝਵਾਨ ਮਾਪੇ ਅਤੇ ਅਧਿਆਪਕ ਇਨ੍ਹਾਂ ਸੇਵਾਵਾਂ ਦਾ ਲਾਹਾ ਲੈ ਸਕਦੇ ਹੋ।

# आज के दिन 10 पोह 2023
# (दिनांक 25 दिसंबर, 2023) का इतिहास
# निकीआँ जिंदां वड्डा साका
## गौरवमयी शहीदी साके का पांचवाँ दिन

आज के दिन 10 पोह, सम्मत 1761 बि. (1704 ई.) गंगू ब्राह्मण की नमक हरामी की वजह से माता गुजर कौर जी और छोटे साहिबज़ादों (बाबा जोरावर सिंघ जी और बाबा फतेह सिंघ जी) को मोरिंडा के थाने से सरहिंद के वज़ीर खान की हिरासत में भेज दिया गया।

आज की रात माता गुजर कौर जी ने छोटे साहिबज़ादों के साथ, सूबा सरहिंद की कैद में, ठंडे बुर्ज में व्यतीत की और इसे ईश्वर की करनी जानकर कबूल किया।

मोती राम मेहरा जी ने साहिबज़ादों को दूध पिलाने की महान सेवा की।

दूसरी ओर गुरू गोबिंद सिंघ जी भाई दया सिंघ, भाई धर्म सिंघ और भाई मान सिंघ के साथ माछीवाड़े के जंगल से एक मील दूर गुलाब मसंद के बाग में पहुँच गए।जब गुलाब मसंद और उसके भाई पंजाबे को पता चला तो वह गुरू

जी को अपने घर ले गए और रात भर प्रेम के साथ सेवा की।

आज के इतिहास से हमें प्रेरणा मिलती है कि जिस तरह छोटे साहिबज़ादों ने मुश्किल समय में भी बिना घबराहट और डर के ईश्वर पर अपना विश्वास बनाए रखा, उसी प्रकार हमें भी हर हालात में उस परमात्मा का शुक्रगुजार होना चाहिए और उसकी रजा में राज़ी रहना चाहिए।आज के इतिहास को दर्शाती हुई वीडियो **आतम परगास फेसबुक पेज** पर देख सकते हैं।

**चलता...**

आतम परगास की ओर से 'सचिआर मनुष्य' बनने के लिए प्रतिदिन विशेष सबक भेजे जाते हैं।समाज में समय की कदर की रुची प्रबल करने के लिए विद्यार्थियो को विशेष समय सारणी का पालन करने की सिखलाई देने के साथ-साथ उनके सर्वोत्तम विकास के लिए विद्वानों की विशेष टीम सेवा प्रदान कर रही है।सूझवान माता-पिता और शिक्षक इन सेवाओं का लाभ ले सकते हैं।

**आतम परगास सोशल वैलफ्येयर काउंसल**

99, प्रीत विहार, पक्खोवाल रोड, लुधियाना - 142022

+91 82880-10531 / 32 www.atampargas.org

Like Facebook Page Subscribe YouTube Channel